ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਟ੍ਰੈਕਟ ਨੰ: 14

# ਆਦਰ-ਨਿਰਾਦਰ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

ਮਾਰਫਤ ਸ: ਦੀਦਾਰ ਸਿੰਘ C-129
ਵਿਕਾਸ ਕਾਲੋਨੀ ਪਟਿਆਲਾ-147001
ਫੋਨ : 76589

| ਅਗਸਤ ੧੯੯੫ | ਸੰਮਤ ਖਾਲਸਾ ੨੯੭ | ਦੂਜੀ ਵਾਰ ਵਾਧੇ ਸਹਿਤ 15000 |
|---|---|---|

ਪ੍ਰਚਾਰ ਹਿਤ ਭੇਟਾ 25/-

# ਆਦਰ-ਨਿਰਾਦਰ

ਗੁਰੂ ਹਰਿ ਰਾਇ ਸਾਹਿਬ ਜੀ ਦੇ ਜੀਵਨ ਵਿਚ ਇਕ ਵਾਰਤਾ ਇਸ ਤਰ੍ਹਾਂ ਦਰਜ ਹੈ ਕਿ ਇਕ ਦਿਨ ਕਿਸੇ ਦੂਰ ਥਾਂ ਤੋਂ ਆਈ ਸੰਗਤ ਸ਼ਾਮ ਕਾਫੀ ਦੇਰ ਨਾਲ ਕੀਰਤਪੁਰ ਪੁਜੀ। ਗੁਰੂ ਪਾਤਸ਼ਾਹ ਉਸ ਸਮੇਂ ਚਉਬਾਰੇ ਵਿਚ ਬਿਰਾਜ ਚੁਕੇ ਸਨ। ਸੰਗਤ ਢੋਲਕੀ ਛੈਣਿਆਂ ਨਾਲ ਉਚੀ ਉਚੀ ਸ਼ਬਦ ਪੜਦੀ ਜਦ ਚਉਬਾਰੇ ਦੇ ਨੇੜੇ ਪੁਜੀ ਤਾਂ ਗੁਰੂ ਪਾਤਸ਼ਾਹ ਦੀ ਨੀਂਦ ਅਚਾਨਕ ਖੁਲ ਗਈ ਅਤੇ ਆਪ ਸ਼ਬਦਾਂ ਦੀ ਆਵਾਜ਼ ਸੁਣ ਕੇ ਇਕ ਦੰਮ ਮੰਜੇ ਤੋਂ ਉਠ ਪਏ।

ਤੇਜੀ ਨਾਲ ਉਠਣ ਲਗਿਆਂ ਮੰਜੇ ਦੇ ਪਾਵੇ ਨਾਲ ਆਪ ਦੇ ਗੋਡੇ ਨੂੰ ਚੋਟ ਲਗ ਗਈ ਪਰ ਆਪ ਬਿਨਾਂ ਵਿਚਾਰੇ ਚੋਟ ਸਣੇ ਹੇਠਾਂ ਸੰਗਤਾਂ ਦੇ ਦਰਸ਼ਨ ਕਰਨ ਲਈ ਆ ਗਏ।

ਲਗੀ ਚੋਟ ਨੂੰ ਵੇਖ ਕੇ ਇਕ ਸਿਖ ਨੇ ਹੱਥ ਜੋੜ ਪੁਛ ਹੀ ਲਿਆ ਕਿ ਪਾਤਸ਼ਾਹ! ਸ਼ਬਦ ਵੀ ਆਪ ਦੇ ਹਨ, ਬਾਣੀ ਅਤੇ ਗ੍ਰੰਥ ਵੀ ਆਪ ਜੀ ਦਾ ਹੈ ਫਿਰ ਇਤਨੀ ਤੇਜ਼ੀ ਨਾਲ ਉਠਣ ਦੀ ਕੀ ਲੋੜ ਸੀ?

ਗੁਰੂ ਪਾਤਸ਼ਾਹ ਨੇ ਉਸ ਸਮੇਂ ਜੋ ਉਤਰ ਦੇਂਦਿਆਂ ਕਿਹਾ ਸੀ ਉਹ ਸਾਨੂੰ ਗੁਰੂ ਕੇ ਸਿਖ ਅਖਵਾਉਣ ਵਾਲਿਆਂ ਨੂੰ ਸਦਾ ਯਾਦ ਰਹਿਣਾ ਚਾਹੀਦਾ ਹੈ। ਆਪ ਜੀ ਨੇ ਕਿਹਾ ਸੀ ਕਿ ਗੁਰੂ ਦਾ ਅਨੁਭਵ ਬਾਣੀ ਹੈ-ਅਤੇ ਅਦਬ ਦਾ ਰਾਹ ਹੀ ਪ੍ਰਭੂ ਤਕ ਪਹੁੰਚਾਉਂਦਾ ਹੈ। ਇਸ ਲਈ "ਜੇਤਾ ਅਦਬ ਕਰੀਏ, ਉਹ ਥੁਹੜਾ ਹੈ"

ਆਪ ਜੀ ਨੇ ਇਹ ਵੀ ਕਿਹਾ :-

*ਜਿਨ ਭੈ ਅਦਬ ਨ ਬਾਣੀ ਧਾਰਾ*
*ਜਾਨਹੁ ਸੋ ਸਿਖ ਨਹੀਂ ਹਮਾਰਾ॥*

ਗੁਰੂ ਪਾਤਸ਼ਾਹ ਦੇ ਕਹੇ ਇਤਨੇ ਸਪਸ਼ਟ ਬਚਨਾਂ ਦੀ ਰੋਸ਼ਨੀ ਵਿਚ ਆਓ ਜ਼ਰਾ ਵੀਚਾਰੀਏ ਕਿ ਅਸੀਂ ਬਾਣੀ ਦਾ ਸਤਿਕਾਰ ਕਿਨਾਂ ਕੁ ਕਰਦੇ ਹਾਂ?

ਅਸੀਂ ਬਹੁਤ ਸਾਰੇ ਵੀਰ ਭੈਣਾਂ ਕਦੇ ਕਦਾਈਂ ਗੁਰੂ ਗ੍ਰੰਥ ਸਾਹਿਬ ਲਈ ਸੁੰਦਰ ਰੁਮਾਲਾ ਆਦਿ ਚੜਾ ਕੇ ਜਾਂ ਦਰਸ਼ਨ ਭੇਟ ਦੇ ਕੇ, ਮਥਾ ਟੇਕ ਕੇ ਸਮਝ ਲੈਂਦੇ ਹਾਂ ਕਿ ਬਸ ਗੁਰੂ ਦਾ ਸਤਿਕਾਰ ਹੋ ਗਿਆ। ਇਹ ਇਕ ਭੁਲੇਖਾ ਹੀ ਹੈ।

ਸਾਡੇ ਸਭ ਦੇ ਘਰ ਬਜ਼ੁਰਗ ਮਾਤਾ-ਪਿਤਾ ਹਨ-ਜੇ ਅਸੀਂ ਉਨਾਂ ਨੂੰ ਸੁੰਦਰ ਬਸਤਰ ਆਦਿ ਤਾਂ ਪੁਆ ਦਈਏ, ਸੁਹਣੇ ਮੰਜੇ ਬਿਸਤਰੇ ਉਤੇ ਬਿਠਾ ਦਈਏ ਪਰ ਉਨਾਂ ਦੀ ਕਹੀ ਗਲ ਨ ਧਿਆਨ ਨਾਲ ਸੁਣੀਏ ਜਾਂ ਉਸ ਵਲ ਧਿਆਨ ਹੀ ਨ ਦਈਏ ਤਾਂ ਦਸੋ ਕਿ ਕੀ ਅਸੀਂ ਇਸ ਤਰ੍ਹਾਂ ਆਪਣੇ ਬਜੁਰਗਾਂ ਦਾ ਸਤਿਕਾਰ ਕਰ ਰਹੇ ਹੁੰਦੇ ਹਾਂ?

ਕੁਝ ਇਸੇ ਤਰ੍ਹਾਂ ਹੀ ਅਸੀਂ ਗੁਰੂ ਸਾਹਿਬ ਦਾ ਸਤਿਕਾਰ ਕਰਦੇ ਹਾਂ, ਜੇ ਉਨਾਂ ਦੇ ਉਪਦੇਸ਼ਾਂ ਵਲ ਧਿਆਨ ਨਹੀਂ ਦੇਂਦੇ ਜਾਂ ਮੰਨਦੇ ਨਹੀ।

2. ਜੇ ਕਦੀ ਸਾਡੇ ਘਰ ਕੋਈ ਅਮੀਰ ਰਿਸ਼ਤੇਦਾਰ ਜਾਂ ਉਚੀ ਪਦਵੀ ਵਾਲਾ, ਜਾਂ ਕੋਈ ਭੇਖੀ ਸਾਧ-ਬਾਬਾ ਹੀ ਆ ਜਾਵੇ ਤਾਂ ਕਿਵੇਂ ਸਾਰੇ ਟਬਰ ਦਾ ਟਬਰ ਅਗੇ ਪਿਛੇ ਹੋਇਆ ਫਿਰਦਾ ਹੈ। ਪੂਰੀ ਕੋਸ਼ਸ਼ ਕੀਤੀ ਜਾਂਦੀ ਹੈ ਕਿ ਉਸ ਨੂੰ ਥੁਹੜਾ ਜਿਹਾ ਵੀ ਇਕਲਿਆਂ ਨ ਰਹਿਣ ਦਿਤਾ ਜਾਏ - ਉਸ ਦੀ ਹਰ ਗਲ ਨੂੰ ਵਾਹ ਲਗਦਿਆਂ ਜ਼ਰੂਰ ਮੰਨਿਆ ਜਾਏ।

ਪਰ ਇਧਰ ਗੁਰੂ ਮਹਾਰਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਜਿਨਾਂ ਨੂੰ ਅਸੀਂ ਦੋ ਜਹਾਨ ਦੇ ਵਾਲੀ ਅਤੇ ਹਲਤ-ਪਲਤ ਦੇ ਰਾਖੇ ਕਹਿੰਦੇ ਹਾਂ, ਜਦ ਕਦੀ ਦੋ-ਚਾਰ ਦਿਨ ਦਾ ਹਫਤੇ ਕੁ ਲਈ ਸਾਡੇ ਘਰ ਆ

ਕੇ ਬਾਣੀ ਦਾ ਪ੍ਰਵਾਹ ਚਲਾਂਦੇ ਹਨ, ਉਪਦੇਸ਼ ਦਿੰਦੇ ਹਨ ਤਾਂ ਸੋਚੀਏ ਅਸੀਂ ਉਨ੍ਹਾਂ ਦੀ ਪਰਵਾਹ ਕਿੰਨੀ ਕਰਦੇ ਹਾਂ?

ਕਿੰਨੀ ਦੇਰ ਉਨ੍ਹਾਂ ਕੋਲ ਬੈਠ ਕੇ ਉਨ੍ਹਾਂ ਦੇ ਰਬੀ ਫੁਰਮਾਨ ਸੁਣਦੇ ਹਾਂ, ਵੀਚਾਰਾਂ ਨੂੰ ਮੰਨਣ ਵਿਚ ਲਿਆਉਣ ਦੀ ਕੋਸ਼ਸ਼ ਕਿੰਨੀ ਕੁ ਕਰਦੇ ਹਾਂ?

ਇਹ ਅਸੀਂ ਸਭ ਨੇ ਆਪੋ ਆਪਣੀ ਥਾਂ, ਠੰਡੇ ਦਿਲ ਨਾਲ ਸੋਚਣਾ ਹੈ।

ਜੇ ਨਹੀਂ ਤਾਂ ਫਿਰ ਅਸੀਂ ਸਾਧ-ਬਾਬਿਆਂ ਅਤੇ ਹੋਰ ਦੁਨਿਆਵੀ ਮਨੁਖਾਂ ਦੀ ਪ੍ਰਵਾਹ ਆਪਣੇ ਗੁਰੂ ਮਹਾਰਾਜ ਨਾਲੋਂ ਵਧ ਕਰ ਕੇ ਗੁਨਾਹਾਂ (ਪਾਪਾਂ) ਦੇ ਭਾਗੀ ਹੋ ਰਹੇ ਹਾਂ।

3. ਜੇ ਅਸੀਂ ਗੁਰੂ ਪਾਤਸ਼ਾਹ ਦੇ ਹੁਕਮਾਂ ਦੀ ਪਾਲਣਾ ਨਹੀਂ ਕਰ ਸਕਦੇ, ਉਨ੍ਹਾਂ ਦਾ ਆਦਰ ਸਤਿਕਾਰ ਵੀ ਜੇ ਨਹੀਂ ਕਰ ਸਕਦੇ ਤਾਂ ਘਟੋ-ਘਟ ਉਨ੍ਹਾਂ ਦਾ ਨਿਰਾਦਰ ਕਰਨ ਦਾ ਘੋਰ-ਪਾਪ ਤਾਂ ਨਾ ਕਰੀਏ। ਜਿਵੇਂ ਕਿ ਕਈਆਂ ਨੇ ਆਪਣੇ ਘਰ ਵਿਚ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨ ਦਾ ਇਕ ਫੈਸ਼ਨ ਜਿਹਾ ਹੀ ਬਣਾ ਲਿਆ ਹੈ। ਘਰ ਵਿਚ ਤਿੰਨ-ਚਾਰ ਤੇ ਹੋਰ ਵਧ ਕਮਰਿਆਂ ਦੇ ਹੁੰਦਿਆਂ ਗੁਰੂ ਮਹਾਰਾਜ ਦਾ ਪ੍ਰਕਾਸ਼ ਕਿਸੇ ਸਟੋਰ ਵਿਚ, ਕਿਸੇ ਪਰਛਤੀ 'ਚ ਜਾਂ ਪੌੜੀਆਂ ਹੇਠਲੀ ਵਾਧੂ ਥਾਂ ਤੇ ਕਰਨਾ, (ਜਿਥੇ ਕਿ ਪੂਰੀ ਤਰ੍ਹਾਂ ਖੜੋਇਆ ਵੀ ਨਾ ਜਾ ਸਕੇ) ਕੀ ਇਹ ਗੁਰੂ ਪਾਤਸ਼ਾਹ ਦਾ ਆਦਰ ਹੈ ਜਾਂ ਨਿਰਾਦਰ?

ਇਸ ਫੈਸ਼ਨ ਦੀ ਨਕਲ ਕਰਦਿਆਂ ਕਈਆਂ (ਮੂਰਖਾਂ) ਨੇ ਗੁਰੂ ਪਾਤਸ਼ਾਹ ਦੀ ਸਵਾਰੀ ਆਪਣੇ ਮੰਜੇ ਬਿਸਤਰਿਆਂ ਤੇ ਜੁਤੀਆਂ ਵਾਲੇ ਕਮਰੇ ਵਿਚਲੀ ਅਲਮਾਰੀ ਦੇ ਇਕ ਖਾਨੇ ਵਿਚ ਰਖੀ ਹੋਈ ਹੈ। ਉਸ ਅਲਮਾਰੀ ਦੇ ਬਾਕੀ ਦੇ ਦੋ ਖਾਨਿਆਂ ਵਿਚ ਘਰ ਦਾ ਨਿਤ ਵਰਤੋਂ ਦਾ ਸਮਾਨ ਤੂੜਿਆ (ਭਰਿਆ) ਪਿਆ ਜਦ ਚੰਡੀਗੜ੍ਹ ਦੇ ਜਾਂ ਹੋਰ

ਸ਼ਹਿਰਾਂ ਵਿਚ ਰਹਿਣ ਵਾਲੇ ਕਈ ਸਿਖਾਂ ਦੇ ਦੇਖੀਦਾ ਹੈ ਤਾਂ ਰੋਣਾ ਆਉਂਦਾ ਹੈ।

ਦੁਖੀ ਹੋਏ ਸੋਚੀਦਾ ਹੈ ਕਿ ਅਸੀਂ ਕਿਥੇ ਖੜੇ ਹਾਂ? ਕਿਥੇ ਹੈ ਸਾਡਾ ਧਰਮ-ਪ੍ਰਚਾਰ ਅਤੇ ਕਿਥੇ ਹੈ ਸਾਡੇ ਵੀਰਾਂ-ਭੈਣਾਂ ਅੰਦਰ ਆਪਣੇ ਗੁਰੂ ਪ੍ਰਤੀ ਸ਼ਰਧਾ, ਭੈ ਅਤੇ ਭਾਵਨੀ। ਇਨ੍ਹਾਂ ਨੂੰ ਕੌਣ ਤੇ ਕਦੋਂ ਕੋਈ ਸਮਝਾਏਗਾ ਕਿ ਜਿਸ ਗੁਰੂ ਅਗੇ ਅਸੀਂ ਰੋਜ਼ ਆਪਣੇ ਸੁਖਾਂ ਲਈ ਅਰਦਾਸਾਂ ਕਰਦੇ-ਕਰਾਉਂਦੇ ਹਾਂ, ਉਨ੍ਹਾਂ ਦੇ ਨਿਵਾਸ ਲਈ ਘਟੋ-ਘਟ ਨਵੇਕਲਾ ਤੇ ਸੁਹਣਾ ਵਖਰਾ ਕਮਰਾ ਹੋਣਾ ਚਾਹੀਦਾ ਹੈ ਅਤੇ ਉਥੇ ਪ੍ਰਕਾਸ਼ ਉਨੀ ਦੇਰ ਹੋਇਆ ਰਹਿਣਾ ਚਾਹੀਦਾ ਹੈ ਜਿੰਨੀ ਦੇਰ ਕਿਸੇ ਨੇ ਦਰਸ਼ਨ ਕਰਨੇ ਹਨ ਤੇ ਪਾਠ ਕਰਨਾ ਹੁੰਦਾ ਹੈ।

ਜੇ ਅਸੀਂ ਪੂਰਾ ਅਦਬ-ਸਤਿਕਾਰ ਤੇ ਸੇਵਾ ਸੰਭਾਲ ਨਹੀਂ ਕਰ ਸਕਦੇ ਤਾਂ ਬੇਅਦਬੀ ਕਰਨ ਦਾ ਘੋਰ ਪਾਪ ਤਾਂ ਨਾਂਹ ਕਰੀਏ। ਇਹ ਪਾਪ ਕਿਥੋਂ ਤੇ ਕਿਸ ਤਰ੍ਹਾਂ ਬਖਸ਼ਾਵਾਂਗੇ?

ਜੇ ਘਰ ਵਿਚ ਚੰਗੀ ਤੇ ਠੀਕ ਥਾਂ (ਕਮਰਾ) ਨਹੀਂ ਤਾਂ ਘਰ ਪਾਠ ਕਰਨ ਲਈ ਸੈਂਚੀਆਂ ਜਾਂ ਸ਼ਬਦਾਰਥ ਦੀਆਂ ਪੋਥੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਗੁਰੂ ਪਾਤਸ਼ਾਹ (ਦੀ ਸਮੁਚੀ ਬੀੜ) ਦੇ ਦਰਸ਼ਨ ਕਰਨ ਲਈ ਗੁਰਦੁਆਰੇ ਹਾਜ਼ਰੀ ਭਰਨੀ ਚਾਹੀਦੀ ਹੈ। (ਦੇਖੋ ਪੁਸਤਕ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਮਰਿਯਾਦਾ)

## ਇਕ ਸੱਚੀ ਵਾਰਤਾ

ਇਕ ਗੁਰਮੁਖ ਪਰਵਾਰ ਨੇ ਗੁਰੂ ਬਾਬਾ ਜੀ (ਗ੍ਰੰਥ ਸਾਹਿਬ ਜੀ ਦੀ ਸਵਾਰੀ) ਨੂੰ ਘਰ ਲਿਆਉਣਾ ਸੀ। ਉਨ੍ਹਾਂ ਸੋਚਿਆ ਕਿ ਬਾਣੀ ਦੇ ਬੋਹਿਥ ਨੇ ਆਉਣਾ ਹੈ, ਘਟੋ ਘਟ ਆਪਣੀ ਗਲੀ ਦੀ ਸਫ਼ਾਈ ਤੇ ਛਿੜਕਾਓ ਹੀ ਕਰ ਦਈਏ।

ਪਰਵਾਰ ਦੇ ਜੀਆਂ ਨੇ ਕੁਝ ਘਰੋਂ ਤੇ ਕੁਝ ਗੁਆਂਢੀਆਂ ਤੋਂ

ਝਾੜੂ ਲੈ ਕੇ ਗਲੀ ਦੀ ਸਫ਼ਾਈ ਆਰੰਭ ਕਰ ਦਿਤੀ। ਗਲੀ ਵਾਲਿਆਂ ਨੂੰ ਜਦ ਬਾਬਾ ਜੀ ਦੇ ਆਉਣ ਦਾ ਪਤਾ ਲਗਾ ਤਾਂ ਉਹ ਵੀ ਗਲੀ ਸਾਫ਼ ਕਰਨ ਵਿਚ ਨਾਲ ਲਗ ਪਏ ਤੇ ਥੁਹੜੀ ਦੇਰ ਵਿਚ ਹੀ ਸਾਰੀ ਗਲੀ ਸਾਫ਼ ਹੋ ਗਈ।

ਪਰਵਾਰ ਨੇ ਇਸ਼ਨਾਨ ਕੀਤਾ ਤੇ ਗੁਰੂ ਮਹਾਰਾਜ ਦੀ ਸਵਾਰੀ ਗੁਰਦੁਆਰਾ ਸਾਹਿਬ ਤੋਂ ਲੈ ਆਏ। ਦਿਨੇ ਗਲੀ ਵਾਲਿਆਂ ਨੇ ਜਦ ਬਾਬਾ ਜੀ ਦੇ ਆਉਣ ਬਾਰੇ ਪੁਛਿਆ ਤਾਂ ਘਰ ਵਾਲਿਆਂ ਨੇ ਕਿਹਾ, ਹਾਂ, ਆ ਗਏ ਹਨ ਤੇ ਅੰਦਰ ਬਿਰਾਜਮਾਨ ਹਨ।

ਜਦ ਉਹ ਅੰਦਰ ਗਏ ਤਾਂ ਵੇਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੋ ਰਿਹਾ ਹੈ ਤੇ ਘਰ ਵਾਲਿਆਂ ਵਿਚੋਂ ਹੀ ਇਕ ਸਜਨ ਬੜੇ ਪਿਆਰ ਤੇ ਸਹਿਜ ਨਾਲ ਪਾਠ ਕਰ ਰਿਹਾ ਹੈ ਤੇ ਕੁਝ ਬੈਠੇ ਸੁਣ ਰਹੇ ਹਨ। ਉਹ ਬਾਹਿਰ ਆ ਕੇ ਫਿਰ ਪੁਛਣ ਲਗੇ ਕਿ ਬਾਬਾ ਜੀ ਕਿਥੇ ਹਨ? ਪਰਵਾਰ ਚੋਂ ਇਕ ਨੇ ਦਸਿਆ ਉਹ ਪ੍ਰਕਾਸ਼ਮਾਨ ਤਾਂ ਹਨ।

ਪੁੱਛਣ ਵਾਲੇ ਨੇ ਕਿਹਾ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਗਲ ਨਹੀਂ ਕਰਦੇ, ਜਿਹੜੇ ਬਾਬਾ ਜੀ ਨੇ ਆਉਣਾ ਸੀ ਉਨ੍ਹਾਂ ਬਾਰੇ ਪੁਛਦੇ ਹਾਂ, ਉਹ ਕਿਥੇ ਹਨ?

ਘਰ ਵਾਲੇ ਨੇ ਜਦ ਦਸਿਆ ਕਿ ਸਾਡੇ ਬਾਬਾ ਜੀ ਇਹੋ ਹਨ ਤੇ ਇਨ੍ਹਾਂ ਨੇ ਹੀ ਆਉਣਾ ਸੀ ਤਾਂ ਪੁਛਣ ਵਾਲੇ ਨੇ ਕਿਹਾ ਕਿ ਅਸੀਂ ਸਮਝਿਆ ਸੀ ਕਿ ਫਲਾਣੇ ਡੇਰੇ ਦੇ ਬਾਬਾ ਜੀ ਆਉਣਗੇ ਜਾਂ ਫਲਾਨੀ ਸੰਪਰਦਾਇ ਦੇ ਬਾਬਾ ਜੀ ਆਉਣਗੇ-ਜੇ ਇਨ੍ਹਾਂ ਨੇ ਹੀ ਆਉਣਾ ਸੀ ਤਾਂ ਅਸਾਂ ਇੰਨੀ ਦੇਰ ਐਵੇਂ ਹੀ ਮਿਟੀ ਘਟਾ ਕਾਹਨੂੰ ਫਕਣਾ ਸੀ?

ਕਿਥੇ ਹੈ ਸਤਿਕਾਰ ਸਾਡੇ ਦਿਲਾਂ ਵਿਚ ਗਿਆਨ ਦੇ ਭੰਡਾਰ ਗੁਰੂ ਮਹਾਰਾਜ ਦਾ? ਡੇਰਿਆਂ ਦੇ ਬਾਬਿਆਂ ਜਾਂ ਸੰਪਰਦਾਵਾਂ ਦੇ ਮੁਖੀਆਂ ਬਾਬਿਆਂ ਜਿੰਨਾਂ ਵੀ ਨਹੀਂ।

# (ਹੋਰ ਦੇਖੋ!)

ਜਦ ਕਦੀ ਕਿਸੇ ਮਹਾਨ ਵਿਅਕਤੀ ਜਾਂ ਆਦਰ ਯੋਗ ਵਿਅਕਤੀ ਕੋਲ ਜਾਣਾ ਹੋਵੇ ਤਾਂ ਹਮੇਸ਼ਾਂ ਇਹ ਖਿਆਲ ਕੀਤਾ ਜਾਂਦਾ ਹੈ ਕਿ ਉਹੋ ਜਿਹਾ ਪਹਿਰਾਵਾ ਪਹਿਣ ਕੇ ਜਾਇਆ ਜਾਏ ਜਾਂ ਉਥੇ ਜਾ ਕੇ ਉਹੋ ਜਿਹੀਆਂ ਗਲਾਂ ਕੀਤੀਆਂ ਜਾਣ ਜੋ ਉਸ ਮਹਾਨ ਵਿਅਕਤੀ ਨੂੰ ਪਸੰਦ ਹੋਣ।

ਉਹ ਮਹਾਨ ਵਿਅਕਤੀ ਜਾਂ ਉਚੀ ਪਦਵੀ ਵਾਲੇ ਕੋਲ ਜਾਣ ਸਮੇਂ ਉਹ ਗਲਾਂ ਜਾਂ ਉਹ ਪਹਿਰਾਵਾ ਪਹਿਣ ਕੇ ਜਾਣ ਤੋਂ ਹਮੇਸ਼ਾਂ ਸੰਕੋਚ ਕੀਤਾ ਜਾਂਦਾ ਹੈ, ਜੋ ਉਸ ਨੂੰ ਪਸੰਦ ਨਾ ਹੋਵੇ।

ਅਸੀਂ ਰਬੀ ਗਿਆਨ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਦ ਸਭ ਤੋਂ ਉਚਾ ਗੁਰੂ ਮੰਨਦੇ ਹੋਏ ਪੜ੍ਹਦੇ ਵੀ ਹਾਂ:-

*(੧) ਗੁਰੁ ਜੈਸਾ ਨਾਹੀ ਕੋ ਦੇਵ ॥*

*(੨) ਗੁਰੁ ਗੋਵਿੰਦੁ, ਗੋਵਿੰਦੁ ਗੁਰੂ ਹੈ,*
*ਨਾਨਕ ਭੇਦੁ ਨਾ ਭਾਈ ॥* (੪੪੨)

ਜਾਂ

*ਹਮਰਾ ਠਾਕੁਰੁ ਸਭ ਤੇ ਊਚਾ,*
*ਰੈਣਿ ਦਿਨਸੁ ਤਿਸੁ ਗਾਵਉ ਰੇ ॥* (੪੦੪)

ਤਾਂ ਉਸ ਦੇ ਦਰਬਾਰ (ਗੁਰਦੁਆਰੇ) ਵਿਚ ਸਾਡੀਆਂ ਕਈ ਬੀਬੀਆਂ-ਭੈਣਾਂ, ਅੱਧਾ ਸਰੀਰ ਨੰਗਾ ਰਖਣ ਵਾਲੇ ਕਪੜੇ, ਸਾੜ੍ਹੀ, ਅੱਧਾ ਪੇਟ ਅਤੇ ਅਧੀ ਕਮਰ ਨੰਗੀ ਰਖਣ ਵਾਲੇ ਬਲਾਊਜ਼, ਬਗੈਰ ਬਾਂਹ ਵਾਲੀਆਂ ਕਮੀਜ਼ਾ ਅਤੇ ਬਲਾਊਜ਼ ਪਹਿਨ ਕੇ ਗੁਰੂ ਰੂਪ ਸੰਗਤ ਵਿਚ ਜਾਣ ਤੋਂ ਜ਼ਰਾਂ ਵੀ ਨਹੀਂ ਸ਼ਰਮਾਉਂਦੀਆਂ।

ਮਨ ਵਿਚ ਬੁਰੇ-ਖਿਆਲ ਪੈਦਾ ਕਰਨ ਦਾ ਪਾਪ ਕਰਾਉਣ ਵਾਲੇ

ਭੜਕੀਲੇ ਕਪੜੇ, ਹਾਰ ਸ਼ਿੰਗਾਰ, ਮਥੇ ਉਤੇ ਟਿੱਕੇ, ਰੰਗ-ਬਰੰਗੀਆਂ ਬਿੰਦੀਆਂ, ਬੁਲ੍ਹਾਂ ਦੀ ਸੁਰਖੀ, ਤੇਜ ਸੁਗੰਧੀ ਵਾਲੇ ਤੇਲ ਅਤੇ ਸਿਰਾਂ ਦੀ ਚੀਰ ਵਿਚਲੇ ਸੰਧੂਰਾਂ ਸਮੇਤ ਗੁਰੂ ਦਰ ਤੇ ਆਉਣਾ, ਜਿਥੇ ਗੁਰੂ ਪਾਤਸ਼ਾਹ ਅਤੇ ਗੁਰੂ-ਰੂਪ ਸੰਗਤ ਦੇ ਆਦਰ-ਸਤਿਕਾਰ ਦੀ ਪ੍ਰਵਾਹ ਨਾ ਕਰਨਾ ਹੈ, ਉਥੇ ਇਨ੍ਹਾਂ ਦੀ ਨਿਰਾਦਰੀ ਕਰਨਾ ਹੈ। ਤੇ ਨਾਲ ਹੀ ਕਈ ਸਜਨਾਂ ਦੀ ਸੁਰਤੀ ਖਿੰਡਾਉਣ ਦੇ ਦੋਸ਼ੀ ਬਣ ਕੇ ਅਪਰਾਧ ਕਮਾਉਣਾ ਹੈ।

(੨) ਸਿਖ ਰਹਿਤ ਮਰਿਯਾਦਾ ਵਿਚ ਅੰਗ ਛੇਦਕ ਗਹਿਣੇ ਪਾਉਣੇ ਸਖਤ ਮਨ੍ਹਾਂ ਹਨ। ਪਰ ਸਾਡੀਆਂ ਕਈ ਭੈਣਾਂ ਗੁਰੂ ਦੀ ਭੈ-ਭਵਾਨੀ ਤੋਂ ਬਗੈਰ, ਨਿੱਝਕ ਹੋ ਕੇ ਕੰਨਾਂ ਦੇ ਕਾਂਟੇ-ਵਾਲੀਆਂ ਅਤੇ ਨੱਕ 'ਚ ਕੋਕੇ ਪਾ ਕੇ ਗੁਰੂ ਦਰਬਾਰ 'ਚ ਜਾਂਦੇ ਹਨ।

ਇਹ ਤੇ ਹੋਰ ਕਾਫੀ ਕੁਝ ਅਸੀਂ ਇਸ ਲਈ ਕਰ ਲੈਂਦੇ ਹਾਂ ਕਿਉਂਕਿ ਜਿਥੇ ਸਾਨੂੰ ਗੁਰੂ ਘਰ ਦੀ ਮਹਾਨਤਾ, ਗੁਰੂ ਦਰ ਦੀ ਵਡਿਆਈ ਦਾ ਪਤਾ ਨਹੀਂ, ਉਥੇ ਠੀਕ ਪ੍ਰਚਾਰ ਦੀ ਘਾਟ ਅਤੇ ਆਪ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਸ਼ ਨਾ ਕਰਨਾ ਹੈ।

ਯਾਦ ਰਵੇ ਕਿ ਅਸ਼ੀਂ ਗੁਰੂ ਦਰ ਉਤੇ ਗੁਰੂ ਦੀਆਂ ਖੁਸ਼ੀਆਂ, ਗੁਰੂ ਦੀਆਂ ਬਖਸ਼ਸ਼ਾਂ ਅਤੇ ਸੰਗਤ ਦੀ ਅਸੀਸ ਲੈਣ ਆਉਂਦੇ ਹਾਂ, ਨਾ ਕਿ ਗੁਰੂ ਘਰ ਵਲੋਂ ਵਿਵਰਜਤ ਗਲਾਂ ਕਰ- ਕਰ ਕੇ ਗੁਰੂ-ਰੂਪ ਸੰਗਤ ਦੀ ਕ੍ਰੋਪੀ ਲੈਣ।

ਜਿਹੜੇ ਵੀਰ ਨਿਤ ਨਵੇਂ ਫੈਸ਼ਨਾਂ ਨਾਲ ਆਪ ਜਾਂ ਆਪਣੀਆਂ ਪਤਨੀਆਂ ਸਮੇਤ ਜਾਂ ਟੋਪੀ-ਨੁਮਾ (ਟੋਪੀ ਦੀ ਤਰ੍ਹਾਂ ਕਈ ਕਈ ਦਿਨਾਂ ਦੀਆਂ ਬੰਨ੍ਹੀਆਂ ਮਾਵੇ ਵਾਲੀ) ਪਗੜੀ ਬੰਨ੍ਹ ਕੇ ਜਾਂ ਕੇਸ ਦਾੜ੍ਹੀ ਦੀ ਬੇਅਦਬੀ (ਡਾਈ ਕਰਕੇ, ਮਹਿੰਦੀ ਨਾਲ ਰੰਗ ਕੇ ਜਾਂ ਕਤਰ ਕੇ) ਕੀਤੇ ਹੋਇਆਂ ਗੁਰੂ ਪਾਤਸ਼ਾਹ ਦੇ ਸਾਹਮਣੇ ਆਉਣ ਤੋਂ ਜ਼ਰਾ ਨਹੀਂ ਸ਼ਰਮਾਉਂਦੇ, ਉਨ੍ਹਾਂ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਅੰਦਰ ਆਪਣੇ ਇਸ਼ਟ,

ਆਪਣੇ ਗੁਰੂ ਪ੍ਰਤੀ ਕਿਤਨਾ ਕੁ ਪਿਆਰ ਹੈ, ਕਿਤਨਾ ਕੁ ਸਤਿਕਾਰ ਹੈ ਅਤੇ ਇਨ੍ਹਾਂ ਅੰਦਰ ਆਪਣੇ ਗੁਰੂ ਦੀ ਆਗਿਆ ਮੰਨਣ ਦੀ ਕਿੰਨੀ ਕੁ ਭਾਵਨਾ ਹੈ?

(੩) ਕਈ ਵੀਰ ਗੁਰੂ ਮਹਾਰਾਜ ਤੋਂ ਖੁਸ਼ੀਆਂ ਲੈਣ ਲਈ ਆਪਣੇ ਘਰਾਂ-ਦੁਕਾਨਾਂ ਵਿਚ ਸਹਿਜ-ਪਾਠ, ਸਪਤਾਹ ਪਾਠ ਜਾਂ ਅਖੰਡ ਪਾਠ ਰਖਾਉਂਦੇ ਹਨ। ਇਕ ਪਾਸੇ ਤਾਂ ਆਪਣੇ ਕਾਰਜ ਦੀ ਸਫ਼ਲਤਾ ਲਈ ਗੁਰੂ ਪਾਤਸ਼ਾਹ ਅਗੇ ਅਰਦਾਸੇ ਕਰਦੇ ਕਰਾਉਂਦੇ ਹਨ-ਸੁਖਾਂ ਸੁਖਦੇ ਹਨ ਤੇ ਦੂਜੇ-ਪਾਸੇ ਨਾਲ ਦੇ ਕਮਰੇ ਵਿਚ ਜਾਂ ਪਾਠ ਦੀ ਸਮਾਪਤੀ ਮਗਰੋਂ ਝਟ ਉਸੇ ਵੇਲੇ ਗੁਰਬਾਣੀ ਵਿਚ ਗਜ-ਵਜ ਕੇ ਮਨ੍ਹਾ ਕੀਤੀ ਸ਼ਰਾਬ ਨੂੰ ਪੀਣ ਪਿਲਾਉਣ ਲਗ ਜਾਂਦੇ ਹਨ। ਕੀ ਇਹ ਗੁਰੂ ਪਾਤਸ਼ਾਹ ਦਾ ਆਦਰ ਹੈ ਜਾਂ ਨਿਰਾਦਰ?

(੪) ਇਕ ਪਾਸੇ ਗੁਰੂ ਸਾਹਿਬ ਨੂੰ ਅਸੀਂ ਪਾਤਸ਼ਾਹ ਸ਼ਹਿਨਸ਼ਾਹ ਕਹਿੰਦੇ ਹਾਂ ਦੂਜੇ ਪਾਸੇ ਅਨੰਦ-ਕਾਰਜ ਸਮੇਂ ਸ਼ਹਿਨਸ਼ਾਹ ਗੁਰੂ ਕੋਲ ਕਲਗੀ ਲਾ ਕੇ, ਸਿਹਰਾ ਬੰਨ੍ਹ ਕੇ ਚਲੇ ਜਾਂਦੇ ਹਾਂ। ਹਾਲਾਂ ਕਿ ਸਾਨੂੰ ਪਤਾ ਵੀ ਹੁੰਦਾ ਹੈ ਕਿ ਇਸ ਤਰ੍ਹਾਂ ਕਰਨਾ ਗੁਰ ਆਸ਼ੇ ਦੇ ਵਿਰੁਧ ਹੈ ਅਤੇ ਅਨੰਦ-ਕਾਰਜ ਤੋਂ ਪਹਿਲਾਂ ਉਤਰਵਾ ਲਏ ਜਾਣਗੇ। ਪਰ ਫਿਰ ਵੀ ਪਰਵਾਹ ਨਾ ਕਰਦੇ ਹੋਏ ਸਿਹਰਾ ਤੇ ਕਲਗੀ ਬਧੇ ਬਧਾਏ ਗੁਰੂ ਦਰਬਾਰ 'ਚ ਚਲੇ ਜਾਂਦੇ ਹਾਂ।

ਜੇ ਅਸੀਂ ਇਹ ਮਨਮਤ ਕੀਤੇ ਬਗੈਰ ਨਹੀਂ ਰਹਿ ਸਕਦੇ ਤਾਂ ਘਟੋ ਘਟ ਗੁਰੂ ਦਰਬਾਰ ਵਿਚ ਦਾਖਲ ਹੋਣ ਤੋਂ ਪਹਿਲਾਂ ਬਾਹਿਰ ਹੀ ਲਾਹ ਲਏ ਜਾਣ ਤਾਂ ਵੀ ਗੁਰੂ ਪਾਤਸ਼ਾਹ ਦਾ ਵਧੇਰੇ ਸਤਿਕਾਰ ਹੋਏਗਾ।

(੫) ਗੁਰੂ ਕੇ ਸਿਖ ਅਖਵਾਉਣ ਵਾਲਿਆਂ ਦੇ ਬਚੇ-ਬਚੀਆਂ ਬਾਜ਼ਾਰਾਂ 'ਚ ਨਚਦੇ-ਟਪਦੇ, ਫੈਸ਼ਨ ਤੇ ਸ਼ਰਾਬ ਦੇ ਨਸ਼ੇ ਵਿਚ ਮਸਤ, ਸੈਂਕੜੇ ਰੁਪਏ ਲੁਟਾਉਂਦੇ ਬਰਾਤ ਦੇ ਰੂਪ 'ਚ ਜਦ ਲੜਕੀ ਵਾਲਿਆਂ

ਦੇ ਘਰ ਦੇ ਨੇੜੇ ਪੁਜਦੇ ਹਨ ਤਾਂ ਅਗੋਂ ਮਿਲਨੀ ਦੀ ਮਨਮਤ ਦੀ ਰਸਮ ਕਰਨ ਲਗਿਆਂ, ਗੁਰਬਾਣੀ ਦਾ ਸ਼ਬਦ :-

*'ਹਮ ਘਰ ਸਾਜਨ ਆਏ' ਪੜ੍ਹਿਆ ਜਾਂਦਾ ਹੈ।*

ਗੁਰਬਾਣੀ ਦੀ ਥੁਹੜੀ ਜਿੰਨੀ ਸਮਝ ਰਖਣ ਵਾਲਾ ਜੇ ਥੁਹੜੀ ਜਿੰਨੀ ਵੀ ਵੀਚਾਰ ਕਰੇ ਅਤੇ ਸੋਚੇ ਕਿ ਕੀ ਗੁਰੂ ਮਹਾਰਾਜ ਨੇ ਇਹੋ ਜਿਹੇ ਭੂਤਰੇ ਹੋਏ ਨੌਜਵਾਨ ਮੁੰਡੇ-ਕੁੜੀਆਂ ਪ੍ਰਤੀ 'ਸਾਜਨ' ਸ਼ਬਦ ਵਰਤਿਆ ਸੀ? (ਗੁਰਬਾਣੀ ਵਿਚ ਸਾਜਨ-ਸਜਨ ਸ਼ਬਦੇ ਜ਼ਿਆਦਾ 'ਗੁਰੂ' ਲਈ ਵਰਤਿਆ ਗਿਆ ਹੈ)

ਕੀ ਇਹ ਬਾਣੀ ਰੂਪ ਗੁਰੂ ਦਾ ਆਦਰ ਹੈ ਜਾਂ ਨਿਰਾਦਰ?

(੬) ਗੁਰਮਤਿ ਕਹਿੰਦੀ ਹੈ ਕਿ ਪ੍ਰਾਣੀ ਦੇ ਚੜ੍ਹਾਈ ਕਰ ਜਾਣ ਤੇ "ਅੰਗੀਠਾ ਨਹੀਂ ਫਰੋਲਣਾ॥ ਪਰ ਅਸੀਂ ਅੰਗੀਠੇ ਨੂੰ ਫੋਲ-ਫੋਲ ਕੇ ਉਸ ਵਿਚੋਂ ਇਕ-ਇਕ ਸੜੀ ਹੋਈ ਹੱਡੀ ਲਭ ਕੇ, ਕਢ ਕੇ ਉਸ ਨੂੰ 'ਫੁਲ' ਕਹਿੰਦੇ ਹਾਂ ਤੇ ਕਚੀ ਲਸੀ ਨਾਲ ਧੋਂਦੇ ਹਾਂ।

ਇਸ ਤਰ੍ਹਾਂ ਅੰਗੀਠਾ ਫਰੋਲਣ ਲਈ ਉਸੇ ਗੁਰੂ ਪਾਤਸ਼ਾਹ ਅਗੇ ਅਰਦਾਸ ਕਰਦੇ ਹਾਂ ਕਿ ਹੇ ਸਤਿਗੁਰੂ ਸਚੇ ਪਾਤਸ਼ਾਹ! ਤੇਰਾ ਓਟ ਆਸਰਾ ਲੈ ਅੰਗੀਠਾ ਫਰੋਲਣ (ਮਨਮਤ ਕਰਨ) ਲਗੇ ਹਾਂ। ਭਾਵ ਤੇਰੇ ਹੁਕਮ ਦੀ ਉਲੰਘਣਾ ਕਰਨ ਲਗੇ ਹਾਂ। ਕਿਰਪਾ ਕਰ ਕੇ ਪ੍ਰਾਣੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣਾ।

(੭) ਉਚੇਚੇ ਤੌਰ ਤੇ ਕੀਰਤਪੁਰ ਜਾ ਕੇ 'ਫੁਲ-ਤਾਰਨਾ' ਨਿਰੀ ਮਨਮਤ ਹੈ। ਬ੍ਰਾਹਮਣਾ ਨੇ ਹਰਦੁਆਰ-ਆਦਿ ਕਈ ਥਾਵਾਂ ਫੁਲ ਤਾਰਨ ਲਈ ਬਣਾਈਆਂ ਹਨ ਉਨ੍ਹਾਂ ਦੀ ਨਕਲ ਕਰ ਕੇ ਅਸੀਂ ਕੀਰਤਪੁਰ ਬਣਾ ਲਿਆ। ਇਹ ਗੁਰਮਤਿ ਦੇ ਬਿਲਕੁਲ ਵਿਰੁਧ ਹੈ, ਜਿਸ ਦੀ ਉਲੰਘਣਾ ਕਰਦੇ ਹੋਏ ਗੁਰੂ ਪਾਤਸ਼ਾਹ ਤੋਂ ਰਾਹ ਪੈਂਡੇ ਵਿਚ ਸਹਾਈ ਹੋਣ ਲਈ ਅਰਦਾਸ ਕਰਦੇ ਹਾਂ। ਦੇਖੋ ਸਾਡੀ ਸਮਝ!

(੮) ਗੁਰੂ ਪਾਤਸ਼ਾਹ ਖਾਲਸੇ ਬਾਰੇ ਸਾਫ਼ ਕਹਿ ਗਏ ਹਨ:-

*ਜਬ ਇਹ ਗਹੈ ਬਿਪਰਨ ਕੀ ਰੀਤ*
*ਮੈਂ ਨ ਕਰੋਂ ਇਨ ਕੀ ਪ੍ਰਤੀਤ*

ਇਹ ਗੁਰੂ ਸਾਹਿਬ ਦਾ ਸਪਸ਼ਟ ਹੁਕਮ ਜਾਣਦੇ ਹੋਏ ਹੋਰ ਅਨਮਤੀ ਰਸਮਾਂ ਦੀ ਤਰ੍ਹਾਂ ਪ੍ਰਾਣੀ ਦੇ 'ਉਠਾਲੇ' ਦੇ ਭੋਗ ਉਤੇ ਬਿਸਤਰਾ (ਉਹ ਵੀ ਅਣਸੀਤੇ ਮੂੰਹ ਵਾਲਾ ਅਤੇ ਬਿਨਾਂ ਲਵਾਂ ਮਾਰੇ) ਬਸਤਰ, ਫਲ ਫਰੂਟ, ਬਰਤਨ ਆਦਿ ਦੇਣੇ, ਬ੍ਰਾਹਮਣੀ ਰੀਤਾਂ ਕਰੀ ਜਾ ਰਹੇ ਹਾਂ।

ਚੜ੍ਹਾਈ ਕੀਤੇ ਪ੍ਰਾਣੀ ਦੇ ਸੰਬੰਧ ਵਿਚ ਪਾਠ ਦਾ ਭੋਗ ਤਾਂ ਸਵੇਰੇ ਆਮ ਕਰ ਕੇ ਘਰ ਹੀ ਪਾ ਲਿਆ ਜਾਂਦਾ ਹੈ। ਪਰ ਉਸ ਵਿਚ ਇਹ ਉਪਰਲੀਆਂ ਚੀਜ਼ਾਂ ਅਰਦਾਸ ਨਹੀਂ ਕਰਾਈਆਂ ਜਾਂਦੀਆਂ। ਉਸ ਸਮੇਂ ਗੁਰੂ ਮਹਾਰਾਜ ਨੂੰ ਘਰੋਂ ਖਾਲੀ ਹੀ ਤੋਰ ਦਿਤਾ ਜਾਂਦਾ ਹੈ। ਇਹ ਸਭ ਵਸਤਾਂ ਤੇ ਹੋਰ 'ਦਾਨ' ਆਦਿ ਦੁਪਹਿਰ ਮਗਰੋਂ ਬਰਾਦਰੀ ਦੇ ਇਕੱਠ ਵਿਚ ਰਖਿਆ ਜਾਂਦਾ ਹੈ ਤੇ ਸੁਣਾਇਆ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਜਸ ਹੋਵੇ।

ਇਸ ਤਰ੍ਹਾਂ ਸਾਨੂੰ ਗੁਰੂ ਦੀ ਲਾਜ ਨਾਲੋਂ ਲੋਕਾਂ ਦੀ ਲਾਜ ਦੀ ਜ਼ਿਆਦਾ ਪ੍ਰਵਾਹ ਹੈ, ਜ਼ਿਆਦਾ ਖਿਆਲ ਹੈ। 'ਸ਼ਰਧਾਂਜਲੀਆਂ' ਵਿਚ ਜਿਤਨੇ ਵਡੇ ਵਡੇ ਝੂਠ ਬੋਲੇ ਜਾਂਦੇ ਹਨ, ਮਾਨੋ ਕੁਫਰ ਤੋਲੇ ਜਾਂਦੇ ਹਨ ਪਰ ਸ਼ਰਧਾਂਜਲੀ ਦੇਣ ਵਾਲੇ ਨੂੰ ਨਾਂਹ ਸੁਣਨ ਵਾਲਿਆਂ ਨੂੰ ਕੋਈ ਰਬ ਦਾ, ਗੁਰੂ ਦਾ ਡਰ ਹੈ ਨ ਸ਼ਰਮ। ਪਤਾ ਨਹੀਂ ਸਾਨੂੰ ਕਦੋਂ ਅਕਲ ਆਏਗੀ? ਕੀ ਇਹ ਗੁਰੂ ਦਾ ਆਦਰ ਹੈ ਜਾਂ ਨਿਰਾਦਰ ?

(੯) ਕੋਈ ਬਾਦਸ਼ਾਹ, ਰਾਜਾ ਜਦ ਕਦੀ ਬਾਹਿਰ ਜਾਂਦਾ ਆਉਂਦਾ ਹੈ ਤਾਂ ਉਸ ਦਾ ਨਿਸ਼ਾਨ ਉਸ ਦੇ ਅਮੀਰ-ਵਜ਼ੀਰ, ਉਸ ਦੇ ਸੇਵਕ ਉਸ ਦੀ ਅਰਦਲ ਵਿਚ ਤੁਰਦੇ ਨਾਲ ਹੁੰਦੇ ਹਨ। ਅਸੀਂ ਗੁਰੂ ਪਾਤਸ਼ਾਹ ਨੂੰ 'ਸੱਚਾ ਪਾਤਸ਼ਾਹ' ਤੇ ਸ਼ਹਿਨਸ਼ਾਹ ਕਹਿੰਦੇ ਹਾਂ ਪਰ ਜਦ ਕਦੀ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਤੋਂ ਘਰ ਜਾਂ ਇਕ ਥਾਂ ਤੋਂ ਦੂਜੀ ਥਾਂ ਲਿਜਾਂਦੇ ਹਾਂ ਤਾਂ ਇਕ ਪਾਣੀ ਤ੍ਰੌਂਕਣ ਵਾਲਾ, ਇਕ ਨੇ ਸਵਾਰੀ ਸਿਰ ਤੇ ਚੁਕੀ ਹੁੰਦੀ ਹੈ ਤੇ ਇਕ ਚੌਰ ਕਰਨ ਵਾਲਾ-ਬਸ ਤਿੰਨ ਜਾਂ ਚਾਰ ਜਣੇ।

ਕਈ ਵੇਰ ਤਾਂ ਇਕੋ-ਇਕਲਾ ਆਦਮੀ ਟੈਕਸੀ ਜਾਂ ਰਿਕਸ਼ੇ ਉਤੇ ਬੈਠਾ ਮਹਾਰਾਜ ਜੀ ਦੀ ਸੁਵਾਰੀ ਲਈ ਜਾਂਦਾ ਵੀ ਵੇਖਿਆ ਜਾਂਦਾ ਹੈ-ਕੀ ਇਹ ਸਤਿਕਾਰ ਹੈ?

(੧੦) ਅਸੀਂ ਅਗਿਆਨਤਾ ਦੇ ਹਨੇਰੇ ਵਿਚ ਅੰਨ੍ਹੇ ਹੋਏ-ਹੋਏ ਜਾਂ ਮਾਇਆ ਜਾਂ ਕਿਸੀ ਪਦਵੀ ਦੇ ਨਸ਼ੇ ਵਿਚ ਬਿਫਰੇ (ਆਕੜੇ) ਹੋਏ, ਸਰਕਾਰੀ ਅਫਸਰਾਂ, ਅਮੀਰਾਂ-ਵਜ਼ੀਰਾਂ ਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੁਲਾ ਕੇ ਸਨਮਾਨਤ ਕਰਨ ਦੇ ਬਹਾਨੇ ਆਪਣੀ ਨਿਜੀ ਨੇੜਤਾ ਵਧਾ ਕੇ ਨਿਜੀ ਲਾਭ ਪ੍ਰਾਪਤ ਕਰਦੇ ਹਾਂ।

ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਬੁਲਾ ਕੇ ਉਨ੍ਹਾਂ ਦੀਆਂ ਝੂਠੀਆਂ ਸਚੀਆਂ ਸਿਫਤਾਂ ਕਰਦੇ ਤੇ ਉਨ੍ਹਾਂ ਨੂੰ ਹਾਰ ਪਾਉਂਦੇ ਕਈ ਵਾਰ ਹਾਰ ਪਾਉਣ ਵਾਲਿਆਂ ਦੀ ਭੀੜ ਲਗ ਜਾਂਦੀ ਹੈ। ਜਦ ਹਾਰ ਥੁੜ ਜਾਂਦੇ ਹਨ ਤਾਂ ਗੁਰੂ ਪਾਤਸ਼ਾਹ ਦੇ ਗਲੋਂ ਲਾਹੁਣ ਦੀ ਗੁਸਤਾਖੀ ਕਰ ਕੇ ਵੀ ਉਸ ਮਨੁਖ ਨੂੰ ਪਾਏ ਜਾਂਦੇ ਹਨ।

ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਿਸੇ ਦੁਨਿਆਵੀ (ਭੁਲਣਹਾਰ) ਮਨੁਖ ਨੂੰ ਇਸ ਤਰੀਕੇ ਨਾਲ ਹਾਰ ਪਾਉਣੇ ਕੀ ਇਹ ਗੁਰੂ ਦਾ ਆਦਰ ਹੈ ਕਿ ਨਿਰਾਦਰ?

ਦੁਨਿਆਵੀ ਵਡੇ ਲੋਕਾਂ ਨਾਲ ਨੇੜਤਾ ਵਧਾਉਣ ਦੇ ਹੋਰ ਕਈ ਢੰਗ ਹਨ। ਜ਼ਰੂਰ ਗੁਰੂ ਦਾ ਨਿਰਾਦਰ ਕਰ ਕੇ ਹੀ ਕਿਸੇ ਦਾ ਆਦਰ ਕਰਨ ਦਾ ਦਿਖਾਵਾ ਕਰਨਾ ਹੈ।

(੧੧) ਮਾਇਆ ਸੰਬੰਧੀ ਗੁਰੂ ਪਾਤਸ਼ਾਹ ਦਾ ਸਪਸ਼ਟ ਫੁਰਮਾਨ ਹੈ :- ਪਾਪਾਂ ਬਾਝਹੁ ਹੋਵੈ ਨਾਹੀ॥

ਭਾਵ-ਮਾਇਆ ਆਮ ਕਰਕੇ ਪਾਪ ਕਰਨ ਤੋਂ ਬਗੈਰ ਇਕੱਠੀ ਹੋ ਹੀ ਨਹੀਂ ਸਕਦੀ। ਸੋ ਜਿਸ ਕੋਲ ਵੀ ਮਾਇਆ ਇਕਠੀ ਕੀਤੀ ਹੋਈ ਹੈ ਉਹ ਕਿਸੇ ਨ ਕਿਸੇ ਤਰੀਕੇ ਝੂਠ ਬੋਲ-ਬੋਲ ਚਲਾਕੀ ਤੇ ਪਾਪ ਨਾਲ ਹੀ ਇਕਠੀ ਕੀਤੀ ਹੋਈ-ਹੋਈ ਹੈ।

ਮਾਇਆ ਜਾਂ ਮਾਇਆ ਨਾਲ ਖਰੀਦੇ ਪਦਾਰਥ, ਮਾਇਆ ਨਾਲ ਮਿਲੀ ਸੋਭਾ-ਵਡਿਆਈ ਜਾਂ ਕੋਈ ਵਿਸ਼ੇਸ਼ ਪੋਜ਼ੀਸ਼ਨ ਸਭ ਮਾਇਆ ਦੇ ਹੀ ਰੂਪ ਹਨ। ਸੋ ਇਹ ਮਾਇਆ-ਵੇੜੇ ਲੋਕਾਂ ਨੂੰ ਗੁਰਦੁਆਰੇ ਬੁਲਾ ਕੇ ਜੋ ਪ੍ਰਬੰਧਕ ਸਨਮਾਨਤ ਕਰਦਾ ਹੈ ਜਾਂ ਕਰਨ ਵਿਚ ਭਾਈਵਾਲ ਬਣਦਾ ਤੇ ਬਣਾਂਦਾ ਹੈ, ਤਾਂ ਸਮਝੋ ਜਾਣਦੇ-ਬੁਝਦੇ ਹੋਏ ਕਿ :-

*ਪ੍ਰਭੁ ਮੇਰਾ ਅੰਤਰਜਾਮੀ ਜਾਨ॥*

*ਅਤੇ*

*ਘਟ ਘਟ ਕੇ ਅੰਤਰ ਕੀ ਜਾਨਤ*
*ਭਲੇ ਬੁਰੇ ਕੀ ਪੀਰ ਪਛਾਣਤ॥*

ਦੀ ਸਮਰਥਾ ਰਖਣ ਵਾਲੇ ਸਾਹਮਣੇ ਇਸ ਤਰ੍ਹਾਂ ਦੀਆਂ ਗਲਾਂ, ਇਸ ਤਰ੍ਹਾਂ ਦੇ ਗਲਤ ਕੰਮ ਕਰਨ ਵਾਲਿਆਂ ਬਾਰੇ ਹੀ ਸ਼ਾਇਦ ਬਾਣੀ 'ਚ ਲਿਖਿਆ ਹੋਇਆ ਹੈ :-

*ਲੋਗਨ ਰਾਮ ਖਿਲਾਉਨਾ ਜਾਨਾ॥*

(੧੨) ਜੇ ਅਸੀਂ ਆਪਣੇ ਪਿਤਾ ਦੀ ਖਾਲਸ ਦੇਸੀ ਘੀ ਦੀ ਦੁਕਾਨ ਤੋਂ ਘੀ ਲੈਣ ਦੀ ਥਾਂ ਜੇ ਹੋਰ ਦੇਸੀ ਘੀ ਦੀਆਂ ਦੁਕਾਨਾਂ ਤੋਂ ਘੀ ਖਰੀਦਦੇ ਹਾਂ ਤਾਂ ਲੋਕ ਜ਼ਰੂਰ ਸ਼ੱਕ ਕਰਦੇ ਹਨ ਕਿ ਇਨ੍ਹਾਂ ਦੀ ਆਪਣੀ ਦੁਕਾਨ ਦਾ ਘੀ ਜ਼ਰੂਰ ਮਿਲਾਵਟ ਵਾਲਾ ਹੋਣਾ ਹੈ ਤਾਂ ਹੀ ਇਹ ਹੋਰਨਾਂ ਦੀ ਦੁਕਾਨਾਂ ਤੋਂ ਖਰੀਦਦਾ ਹੈ। ਇਸੇ ਤਰ੍ਹਾਂ ਜਦ ਕਦੀ ਕੋਈ ਦੁਖ-ਤਕਲੀਫ ਜਾਂ ਬਿਪਤਾ ਸਮੇਂ ਆਪਣੇ ਗੁਰੂ ਪਿਤਾ, ਸਰਬ ਸ਼ਕਤੀਮਾਨ ਗੁਰੂ ਦਾ ਦਰ ਛਡ ਕੇ ਅਖਾਉਤੀ ਸਾਧਾਂ, ਪੀਰਾਂ-ਫਕੀਰਾਂ ਪਿਛੇ ਦੌੜਦੇ ਹਾਂ, ਤਾਂ ਸਮਝੋ ਸਚੀਂ-ਮੁਚੀ, ਸਰਬ-ਸਮਰਥ ਪਿਤਾ ਨੂੰ ਛਡ ਕੇ ਝੂਠੇ ਆਸਰੇ ਤਕਦੇ ਹਾਂ ਤੇ ਸਚੇ ਪਿਤਾ ਦੀ ਨਿਰਾਦਰੀ ਕਰਦੇ ਹਾਂ।

ਸਾਨੂੰ ਗੁਰੂ ਪਾਤਸ਼ਾਹ ਦਾ ਫੁਰਮਾਨ ਚੇਤੇ ਰਹਿਣਾ ਚਾਹੀਦਾ ਹੈ:

*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥*

ਵੈਸੇ ਰੋਗ-ਸੋਗ ਸਰੀਰਾਂ ਦੇ ਭੋਗ ਹਨ। ਬਹੁਤਾ ਕਰ ਕੇ ਇਹ ਸਾਡੇ ਆਪਣੇ ਕਰਮਾਂ ਦੇ ਭੋਗ ਹੀ ਹੁੰਦੇ ਹਨ ਜੋ ਭੋਗਣੇ ਹੀ ਪੈਂਦੇ ਹਨ। ਸਚੇ ਦਿਲੋਂ ਜਦ ਗੁਰੂ ਪਾਤਸ਼ਾਹ ਤੇ ਭਰੋਸਾ ਹੋ ਜਾਏ ਤਾਂ ਮਹਾਰਾਜ ਸੂਲੀ ਦਾ ਕੰਡਾ ਵੀ ਬਣਾ ਦੇਂਦੇ ਹਨ (ਦੇਖੋ ਟ੍ਰੈਕਟ 'ਕਰਮਾਂ ਦੀ ਖੇਡ') ਅਤੇ ਗੁਰੂ ਤੇ ਭਰੋਸਾ ਰਖਣ ਵਾਲਿਆਂ ਨੂੰ ਗੁਰੂ ਦੀ ਰਜ਼ਾ ਉਤੇ ਜਦ ਰਾਜ਼ੀ ਰਹਿਣ ਦੀ ਜਾਂਚ ਆ ਜਾਂਦੀ ਹੈ ਤਾਂ ਫਿਰ ਉਹ ਪਿਆਰ ਨਾਲ ਇਉਂ ਮਹਿਸੂਸ ਕਰਦੇ ਪੜ੍ਹਦੇ ਹਨ :-

*ਬੁਰਾ ਨਹੀਂ, ਸਭ ਭਲਾ ਹੀ ਹੈ ਰੇ,*
*ਹਾਰ ਨਹੀਂ ਸਭ ਜੇਤੈ...............।*

(੧੩) ਆਪਣਾ ਬੱਚਾ, ਘਰ ਦਾ ਨੌਕਰ ਜਾਂ ਆਪਣੇ ਅਧੀਨ ਕੰਮ ਕਰਨ ਵਾਲਾ ਜੇ ਜ਼ਰਾ ਵੀ ਸਾਡੀ ਮਰਜ਼ੀ ਵਿਰੁਧ ਕਰੇ ਤਾਂ ਅਸੀਂ ਕਿੰਨੇ ਲੋਹੇ-ਲਾਖੇ ਹੋ ਜਾਂਦੇ ਹਾਂ ਤੇ ਕਹਿੰਦੇ ਹਾਂ ਕਿ ਇਸ ਦੀ ਕੀ ਮਜਾਲ ਹੈ ਜੋ ਇਸ ਤਰ੍ਹਾਂ ਸਾਡੀ ਮਰਜ਼ੀ ਵਿਰੁਧ ਕਰੇ- ? ਆਦਿ।

ਪਰ ਕੀ ਅਸੀਂ ਕਦੀ ਸੋਚਿਆ ਹੈ ਕਿ ਜਿਸ ਗੁਰੂ ਪਾਤਸ਼ਾਹ ਦੀਆਂ ਬਖਸ਼ੀਆਂ ਅਨੇਕਾਂ ਦਾਤਾਂ ਦਾ ਜੋ ਅਸੀਂ ਆਨੰਦ ਮਾਣ ਰਹੇ ਹਾਂ, ਉਸ ਦੀ ਬਖਸ਼ੀ ਹੋਈ ਔਲਾਦ, ਇਜ਼ਤ, ਪਦਵੀ, ਧਨ-ਧਾਮ ਅਤੇ ਹੋਰ ਅਨੇਕਾਂ ਸੁਖ, ਜਿਸ ਦੀ ਕਿਰਪਾ ਨਾਲ ਪ੍ਰਾਪਤ ਕਰ ਰਹੇ ਹਾਂ, ਜੇ ਉਸ ਦੇ ਹੁਕਮਾਂ ਦੀ ਅਦੂਲੀ (ਪ੍ਰਵਾਹ ਨਹੀਂ) ਕਰਦੇ ਜਾਂ ਨਾਹ ਕਰਦੇ ਰਵਾਂਗੇ ਤਾਂ ਕੀ ਸਾਨੂੰ ਸਚਾ ਸੁਖ, ਸਚੀ ਖੁਸ਼ੀ ਕਦੀ ਮਿਲ ਸਕੇਗੀ ?..............ਕਦੀ ਨਹੀਂ।

ਆਓ! ਅਜ ਗੁਰੂ ਪਾਤਸ਼ਾਹ ਦੇ ਗਦੀ ਨਸ਼ੀਨੀ ਪੁਰਬ ਉਤੇ ਇਨ੍ਹਾਂ ਗਲਾਂ ਨੂੰ ਬਾਰ-ਬਾਰ ਪੜ੍ਹ ਕੇ ਵੀਚਾਰੀਏ ਸਮਝੀਏ ਅਤੇ ਵੱਧ ਤੋਂ ਵੱਧ ਮੰਨਣ ਦੀ ਕੋਸ਼ਸ਼ ਕਰਦਿਆਂ ਇਨ੍ਹਾਂ ਨੂੰ ਪ੍ਰਚਾਰੀਏ ਵੀ।

# ਸਿਖ ਜਗਤ

ਸਿਖ ਜਗਤ ਚੰਗੀ ਤਰਾਂ ਜਾਣਦਾ ਹੈ ਕਿ ਰਾਮਪੁਰ ਖੇੜਾ (ਹੁਸ਼ਿਆਰਪੁਰ) ਵਾਲੇ ਬਾਬਾ ਹਰਨਾਮ ਸਿੰਘ ਜੀ ਕਿਤਨੀ ਕਰਨੀ ਕਮਾਈ ਵਾਲੇ ਮਹਾਂਪੁਰਸ਼ ਸਨ। ਬਹੁਤ ਸਾਦਾ ਜੀਵਨ ਬਿਤੀਤ ਕਰਨ ਵਾਲੇ ਹਮੇਸ਼ਾਂ ਲੰਗਰ ਦੀ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਦੇ ਹੁੰਦੇ ਸਨ। ਉਨਾਂ ਦੇ ਜੀਵਨ 'ਸੇ ਕਿਨੇਹਿਆ' ਪੁਸਤਕ ਵਿਚੋਂ ਗੁਰਬਾਣੀ ਤੇ ਸਤਿਕਾਰ ਬਾਰੇ ਕੁਝ ਗਲਾਂ, ਧੰਨਵਾਦ ਸਹਿਤ ਦਰਜ ਕੀਤੀਆਂ ਜਾਂਦੀਆਂ ਹਨ :

1. ਆਪ ਨੇ ਜਦੋਂ ਕਿਸੇ ਪ੍ਰੇਮੀ ਨੂੰ (ਗੁਰਬਾਣੀ ਦੀ) ਸੰਥਯਾ ਦੇਣੀ ਹੁੰਦੀ ਤਾਂ ਉਸ ਨੂੰ ਆਪਣੇ ਬੈਠਣ ਵਾਲੀ ਥਾਂ ਤੋਂ ਉਚੀ ਥਾਂ ਸੁੰਦਰ ਵਿਛਾਈ ਕਰਕੇ ਬਿਠਾਉਂਦੇ।
2. ਸੰਗਤੀ ਨਿਤਨੇਮ ਵਿਚ ਜਿੰਨੇ ਸਰੀਰ ਗੁਰਬਾਣੀ ਪੜ ਸਕਦੇ ਹੋਣ ਉਨਾਂ ਨੂੰ ਬਾਕੀ ਸੰਗਤ ਤੋਂ ਅਗੇ ਬੈਠਣ ਲਈ ਬੇਨਤੀ ਕਰਦੇ।
3. ਜੇ ਮੰਜਿਆਂ ਤੇ ਬੈਠ ਕੇ ਨਿਤਨੇਮ ਕਰਨਾ ਹੁੰਦਾ ਤਾਂ ਸਾਰਿਆਂ ਨੂੰ ਬਰਾਬਰ ਕਰਨ ਲਈ ਨੀਂਵੇ ਮੰਜਿਆਂ ਦੇ ਪਾਵਿਆਂ ਹੇਠ ਇਟਾਂ ਦੇ ਕੇ ਬਾਕੀ ਦੇ ਮੰਜਿਆਂ ਦੇ ਬਰਾਬਰ ਕਰਦੇ ਅਤੇ ਸਾਰਿਆਂ ਮੰਜਿਆਂ ਉਥੇ ਯਥਾ ਸ਼ਕਤ ਵਿਛਾਈ ਕਰਾਉਂਦੇ।
4. ਨਿਤਨੇਮੀ ਸਿੰਘਾਂ ਵਿਚੋਂ ਜੇ ਕਿਸੇ ਪ੍ਰੇਮੀ ਨੇ ਗੁਟਕੇ ਤੋਂ ਪਾਠ ਕਰਨਾ ਹੁੰਦਾ ਤਾਂ ਉਸ ਨੂੰ ਸਿਰਹਾਣੇ ਵਲ ਬਿਠਾਉਂਦੇ।

5. ਸ਼ਾਮ ਨੂੰ ਜਦ ਬਾਹਿਰ ਸੈਰ ਕਰਨ ਲਈ ਜਾਂਦੇ ਤਾਂ ਗੁਰਦੁਆਰਾ ਸਾਹਿਬ ਤੋਂ ਤੁਰਨ ਲਗੇ ਹੀ ਆਪ ਜਾਂ ਕਿਸੇ ਪ੍ਰੇਮੀ ਨੂੰ ਚੋਪਈ ਜਾਂ ਕਿਸੇ ਹੋਰ ਬਾਣੀ ਦਾ ਪਾਠ ਕਰਨ ਜਾਂ ਸੁਣਾਉਣ ਲਈ ਕਹਿੰਦੇ। ਜੋ ਪ੍ਰਾਣੀ ਪਾਠ ਕਰਦਾ, ਉਸ ਨੂੰ ਸਾਰੀ ਸੰਗਤ ਤੋਂ ਅਗੇ ਤੋਰਦੇ, ਬਾਕੀ ਸੰਗਤ ਪਿਛੇ ਪਾਠ ਸੁਣਦੀ ਤੁਰਦੀ। ਜੇਕਰ ਆਪ ਪਾਠ ਕਰਦੇ ਤਾਂ ਆਪ ਸਾਰੀ ਸੰਗਤ ਦੇ ਅਗੇ ਹੋ ਕੇ ਤੁਰਦੇ।

6. ਸ਼ਾਮ ਨੂੰ ਜਦ ਕਦੀ ਗੁਰਦੁਆਰਾ ਸਾਹਿਬ ਦੇ ਦਖਣ ਵਾਲੇ ਪਾਸੇ ਚੋਅ ਦੇ ਕੰਢੇ ਥੁਹੜਾ ਸਮਾਂ ਬੈਠ ਕੇ ਜਦ ਪਾਠ ਸੁਣਦੇ ਅਤੇ ਜਿਸ ਪ੍ਰੇਮੀ ਨੇ ਪਾਠ ਸੁਣਾਉਣਾ ਹੁੰਦਾ ਉਸ ਦੇ ਹੇਠਾਂ ਆਪਣੇ ਗਲ ਵਿਚੋਂ 'ਹਜ਼ੂਰੀਆ' ਲਾਹ, ਦੂਹਰਾ ਕਰਕੇ ਵਿਛਾ ਦੇਂਦੇ। ਕਈ ਪ੍ਰੇਮੀ, ਜੋ ਉਸ ਕਪੜੇ ਉਪਰ ਬੈਠਣ ਤੋਂ ਨਾਂਹ-ਨੁਕਰ ਕਰਦੇ ਤਾਂ ਆਪ ਕਹਿੰਦੇ ਕਿ ਭਾਈ! ਇਹ ਤੇਰਾ ਸਤਿਕਾਰ ਨਹੀਂ, ਇਹ ਤਾਂ ਜੋ ਤੂੰ ਗੁਰਬਾਣੀ ਪੜ੍ਹਨੀ ਹੈ, ਉਸ ਦਾ ਅਦਬ ਸਤਿਕਾਰ ਹੈ।

7. ਆਪ ਕਹਿੰਦੇ ਹੁੰਦੇ ਸਨ ਕਿ ਜਿਨ੍ਹਾਂ ਵੀ ਅਸੀਂ ਗੁਰਬਾਣੀ ਦਾ ਸਤਿਕਾਰ ਕਰਾਂਗੇ ਉਤਨਾ ਹੀ ਆਪ ਨੂੰ ਹੀ ਲਾਹਾ ਹੈ। ਕਿਉਂਕਿ ਇਹ ਗੁਰਬਾਣੀ ਪਰਮੇਸ਼ਰ ਜੀ ਦਾ ਸਰੂਪ ਹੈ। ਜੋ ਗੁਰਬਾਣੀ ਦਾ ਸਤਿਕਾਰ ਨਹੀਂ ਕਰਦੇ, ਇੰਜ ਜਾਣੋ ਕਿ ਉਹ ਪਰਮੇਸ਼ਰ ਜੀ ਜਾਂ ਗੁਰੂ ਸਾਹਿਬ ਜੀ ਦੀ ਖੁਸ਼ੀ ਪ੍ਰਾਪਤ ਨਹੀਂ ਕਰ ਸਕਦੇ। ਗੁਰਬਾਣੀ ਦਾ ਸਤਿਕਾਰ ਆਪਣੇ ਭਲੇ ਅਤੇ ਗੁਰੂ ਕੀ ਖੁਸ਼ੀ ਪ੍ਰਾਪਤ ਕਰਨ ਵਾਸਤੇ ਕਰਨਾ ਹੈ, ਦਿਖਾਵੇ ਮਾਤਰ ਨਹੀਂ,ਧੁਰੋਂ ਅੰਦਰੋਂ ਕਰਨਾ ਹੈ।

8. ਜੇ ਕਿਤੇ ਅਖਬਾਰ ਜਾਂ ਕਾਗਜ਼ ਉਪਰ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਹੋਈਆਂ ਹੇਠਾਂ ਜ਼ਮੀਨ ਉਪਰ ਵੇਖ ਲੈਣ ਤਾਂ ਉਨਾਂ ਨੂੰ ਚੁਕ ਕੇ ਨਮਸਕਾਰ ਕਰਨੀ ਤੇ ਅੱਗ ਵਿਚ ਉਨਾ ਦਾ ਸਸਕਾਰ ਕਰ ਦੇਣਾ।

9. ਛੋਟੇ ਗੁਟਕੇ ਤੋਂ ਲੈ ਕੇ ਸਮੁਚੀ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਕ) ਨੂੰ ਗੁਰੂ ਰੂਪ ਜਾਣ ਕੇ ਆਪ ਜੀ ਸਤਿਕਾਰ ਕਰਿਆ ਕਰਦੇ ਸਨ ਤੇ ਕਿਹਾ ਕਰਦੇ ਸਨ ਕਿ ਕਲਜੁਗੀ ਜੀਵਾਂ ਦਾ ਗੁਰੂ ਗੁਰਬਾਣੀ ਹੈ :

*ਬਾਣੀ ਗੁਰੂ, ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰੂ ਬਾਣੀ ਕਹੈ, ਸੇਵਕ ਜਨੁ ਮਾਨੇ*
*ਪਰਤਖਿ ਗੁਰੂ ਨਿਸਤਾਰੇ॥* (੯੬੨)

ਅਤੇ ਸਤਿਗੁਰੂ ਜੀ ਦੀ ਜੋ ਬਾਣੀ ਹੈ, ਇਹ ਸਤਿ ਸਰੂਪ ਪਰਮੇਸ਼ਰ ਦਾ ਰੂਪ ਹੈ :

*ਸਤਿਗੁਰ ਕੀ ਬਾਣੀ ਸਤਿ ਸਰੂਪ ਹੈ*
*ਗੁਰਬਾਣੀ ਬਣੀਐ।* (੩੦੪)

ਜਿੰਨੇ ਵੀ ਬਚਨ ਗੁਰਬਾਣੀ ਵਿਚ ਹਨ, ਇਹ ਸਤਿਗੁਰੂ ਜੀ ਦਾ ਅਸਲੀ ਰੂਪ ਹਨ, ਇਹ ਬਚਨ ਜੀਵ ਨੂੰ ਜੀਵਨ-ਮੁਕਤੀ ਦਾ ਪੰਥ ਦਸਣ ਵਾਲੇ ਹਨ :

*ਸਤਿਗੁਰ ਬਚਨ, ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ॥* (੧੩੦੯)

10. ਸਤਿਗੁਰੂ ਜੀ ਨੇ ਆਪਦੇ ਪੰਜ-ਭੂਤਕ ਸਰੀਰ ਵਿਚ ਵਿਚਰਦਿਆਂ ਹੋਇਆਂ ਗੁਰਬਾਣੀ ਦਾ ਸਤਿਕਾਰ ਕਰਨ ਦੇ ਪੂਰਨੇ ਪਾਏ

ਅਤੇ ਸਾਨੂੰ ਹੁਕਮ ਕੀਤਾ ਕਿ :

*ਮੇਰੇ ਸਰੂਪ ਤੇ ਯਾ ਤੇ ਹੈ ਦੀਰਘ*
*ਸਾਹਿਬ ਜਾਨ ਅਦਾਇਬ ਕਰੈ ਹੋ।*

ਬਾਬਾ ਜੀ ਤਾਂ ਇਥੋਂ ਤਕ ਕਿਹਾ ਕਰਦੇ ਸਨ ਕਿ ਇੰਜ ਜਾਣ ਲਵੋ, ਜੋ ਗੁਰਬਾਣੀ ਦਾ ਸਤਿਕਾਰ ਨਹੀਂ ਕਰਦਾ, ਉਹ ਗੁਰੂ ਦੀ ਬੇਅਦਬੀ ਕਰਦਾ ਹੈ। ਜੇ ਆਪਾਂ ਗੁਰੂ ਦਾ ਅਦਬ ਸਤਿਕਾਰ ਨ ਕੀਤਾ ਤਾਂ ਅਸੀਂ ਕਿਹੜੇ ਮੂੰਹ ਨਾਲ ਗੁਰਦੇਵ ਜੀ ਪਾਸੋਂ ਮੁਕਤ-ਭੁਗਤ ਦੀਆਂ ਦਾਤਾਂ ਮੰਗਾਂਗੇ?

11. ਆਪ ਕਹਿੰਦੇ ਸਨ ਕਿ ਸਤਿਗੁਰੂ ਜੀ ਦੇ ਗੁਰਬਾਣੀ ਰਾਹੀਂ ਕੀਤੇ ਹੁਕਮ ਨੂੰ ਮੰਨਣਾ ਜਿਥੇ ਅਤਿ ਜਰੂਰੀ ਹੈ ਉਥੇ ਉਨਾਂ ਨੂੰ ਗੁਰੂ ਰੂਪ ਜਾਣ ਕੇ ਸਤਿਕਾਰ ਕਰਨਾ ਵੀ ਉਨਾ ਹੀ ਲਾਜ਼ਮੀ ਹੈ। ਕਿਉਂਕਿ ਕਿਸੇ ਦਾ ਵੀ ਅਸਲੀ ਰੂਪ ਵਿਚ ਹੁਕਮ ਮੰਨਣ ਤੋਂ ਪਹਿਲਾਂ ਉਸ ਪ੍ਰਤੀ ਸਤਿਕਾਰ ਸ਼ਰਧਾ-ਭਾਵਨੀ ਬਣਾਉਣੀ ਅਤਿ ਜਰੂਰੀ ਹੈ- ਨਹੀਂ ਤਾਂ ਪੂਰਨ ਰੂਪ ਵਿਚ ਮਨੁਖ ਹੁਕਮ ਨਹੀਂ ਮੰਨ ਸਕਦਾ ਤੇ ਨਾ ਹੀ ਪੂਰਨ ਲਾਹਾ ਪ੍ਰਾਪਤ ਕਰ ਸਕਦਾ ਹੈ।

ਨੋਟ : ਇਹ ਤੇ ਇਸ ਤਰਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 25 /- ਰੁ: ਸੈਕੜਾ ਦੇ ਹਿਸਾਬ ਮੰਗਵਾਉਣ ਲਈ ਭੇਟਾ ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ (ਕੌਲਾਂ ਵਾਲਾ ਟੋਭਾ) ਪਟਿਆਲਾ 147001 ਨੂੰ ਲਿਖ ਸਕਦੇ ਹੋ। ਫੋਨ ਨੰ: 76589

# "ਬਾਣੀ ਗੁਰੂ, ਗੁਰੂ ਹੈ ਬਾਣੀ"

ਦੇ ਮਹਾਂਵਾਕ ਅਨੁਸਾਰ ਗੁਰਬਾਣੀ ਹੀ ਸਾਡਾ ਗੁਰੂ ਹੈ। ਗੁਰੂ ਜੀ ਦਾ ਅਸਲ ਸਤਿਕਾਰ ਗੁਰੂ ਦੇ ਬਚਨਾਂ ਨੂੰ ਸਹਿਜ ਨਾਲ, ਧਿਆਨ ਨਾਲ ਪੜ੍ਹਨਾ-ਸੁਨਣਾ ਅਤੇ ਸਮਝ ਕੇ ਮੰਨਣਾ ਹੁੰਦਾ ਹੈ।

ਗੁਰੂ ਹਰਿ ਰਾਇ ਸਾਹਿਬ ਕਹਿੰਦੇ ਹੁੰਦੇ ਸਨ :-

*ਜਿਨ ਭੈ ਅਦਬ ਨ ਬਾਣੀ ਧਾਰਾ ।*
*ਜਾਨਹੁ ਸੋ ਸਿਖ ਨਹੀਂ ਹਮਾਰਾ ।*

ਇਸ ਲਈ ਬਾਣੀ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਜਿਤਨਾ ਵੀ ਕੀਤਾ ਜਾਏ, ਥੁਹੜਾ ਹੈ। ਇਕ ਥਾਂ ਤੋਂ ਦੂਜੀ ਥਾਂ ਮਹਾਰਾਜ ਦੇ ਸਰੂਪ ਨੂੰ ਲਿਜਾਉਣ ਸਮੇਂ ਵਧ ਤੋਂ ਵਧ ਸੰਗ਼ਤ ਨੂੰ ਨਾਲ ਜਾਣਾ ਚਾਹੀਦਾ ਹੈ। ਰਸਤੇ ਦੀ ਸਫਾਈ ਤੇ ਪਾਣੀ ਆਦਿ ਛਿੜਕਾਓ ਪਹਿਲਾਂ ਕੀਤਾ ਹੋਣਾ ਚਾਹੀਦਾ ਹੈ।

2. ਗੁਰਬਾਣੀ ਦੇ ਗੁਟਕੇ, ਸੈਂਚੀਆਂ ਆਦਿ ਸਾਫ-ਸੁਥਰੇ ਰੁਮਾਲਾਂ ਵਿਚ ਲਪੇਟ ਕੇ ਯੋਗ ਉਚੀ ਥਾਂ ਰਖੋ।

3. ਜਿਨ੍ਹਾਂ ਕਾਗਜ਼ਾਂ ਕਿਤਾਬਾਂ ਉਤੇ ਗੁਰਬਾਣੀ ਦੀਆਂ ਪੰਗਤੀਆਂ ਲਿਖੀਆਂ ਹੋਈਆਂ ਹੋਣ ਉਨ੍ਹਾਂ ਨੂੰ ਹੇਠਾਂ ਰੁਲਣ ਤੋਂ ਹਮੇਸ਼ਾਂ ਬਚਾਉ।

ਨੋਟ : ਹਰ ਮਹੀਨੇ ਛਪਣ ਵਾਲੇ ਇਸ ਤਰ੍ਹਾਂ ਦੇ ਟ੍ਰੈਕਟ ਪ੍ਰਚਾਰ ਹਿਤ ਵੰਡਣ ਲਈ 25./- ਰੁ: ਸੈਂਕੜਾ ਦੇ ਹਿਸਾਬ ਮਾਇਆ ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ, ਪਟਿਆਲਾ-147001 ਨੂੰ ਭੇਜ ਕੇ ਮੰਗਵਾਏ ਜਾ ਸਕਦੇ ਹਨ।

ਪ੍ਰਾਰਥਕ